بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in      ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸ਼ੁਕਰ ਗੁਜ਼ਾਰੀ ਦੇ ਹਵਾਲੇ ਨਾਲ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦਾ ਅਮਲੀ ਨਮੂਨਾ ਅਤੇ ਆਪ ਅਲੈਹਿੱਸ੍ ਸਲਾਮ ਦੀਆਂ ਸਿਖਿਆਵਾਂ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 14 ਅਗਸਤ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬਿਆਂ ਵਿੱਚ ਸ਼ੁਕਰ ਗੁਜ਼ਾਰੀ ਦੇ ਇਜ਼ਹਾਰ ਦੇ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਿੱਖਿਆ ਅਤੇ ਚੰਗਾ ਉਸਵਾ ਬਿਆਨ ਕੀਤਾ ਸੀ। ਸ਼ੁਕਰ ਗੁਜ਼ਾਰੀ ਦੇ ਇਸ ਉੱਚੇ ਮਿਆਰ ਨੂੰ ਆਪ ﷺ ਦੇ ਗ਼ੁਲਾਮਿ ਸਾਦਿਕ਼ ਅਤੇ ਇਸ ਜ਼ਮਾਨੇ ਦੇ ਇਮਾਮ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਕਿਸ ਤਰ੍ਹਾਂ ਸਮਝਿਆ ਅਤੇ ਆਪਣੇ ਅਮਲ ਨਾਲ ਘਰ ਵਿੱਚ ਬੱਚਿਆਂ ਨੂੰ ਕਿਵੇਂ ਸਮਝਾਇਆ, ਇਸ ਬਾਰੇ ਕੁੱਝ ਹਵਾਲੇ ਪੇਸ਼ ਕਰਾਂਗਾ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨਿਆਮਤਾਂ 'ਤੇ ਖ਼ੁਦਾ ਤਆਲਾ ਦਾ ਸ਼ੁਕਰ ਅਦਾ ਕਰਨ ਦੀ **ਅਹਿਮੀਅਤ** ਅਤੇ **ਹਿਕਮਤ** ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਦ ਇਨਸਾਨ ਕਿਸੇ ਉੱਚੇ ਮਰਤਬੇ ਨੂੰ ਹਾਸਿਲ ਕਰ ਲੈਂਦਾ ਹੈ ਤਾਂ ਫਿਰ ਉਹ ਮਗ਼ਰੂਰ ਹੋ ਜਾਂਦਾ ਹੈ, ਹਾਲਾਂਕਿ ਉਹ ਇਸ ਅਰਸੇ ਵਿੱਚ ਬਹੁਤ ਕੁੱਝ ਨੇਕ ਕੰਮ ਕਰ ਸਕਦਾ ਹੈ ਅਤੇ ਇਨਸਾਨੀਅਤ ਨੂੰ ਫ਼ਾਇਦਾ ਪਹੁੰਚਾ ਸਕਦਾ ਹੈ। ਖ਼ੁਦਾ ਤਆਲਾ ਕੁਰਆਨ ਸ਼ਰੀਫ਼ ਵਿੱਚ ਫ਼ਰਮਾਉਂਦਾ ਹੈ: لَئِنۡ شَکَرۡتُمۡ لَاَزِیۡدَنَّکُمۡ ਜੇਕਰ ਤੁਸੀਂ ਮੇਰਾ ਸ਼ੁਕਰ ਅਦਾ ਕਰੋ ਤਾਂ ਮੈਂ ਆਪਣੇ ਇਹਸਾਨਾਂ ਨੂੰ ਹੋਰ ਵੀ ਜ਼ਿਆਦਾ ਕਰਦਾ ਹਾਂ ਅਤੇ ਜੇਕਰ ਤੁਸੀਂ ਇਨਕਾਰ ਕਰੋ ਤਾਂ ਫਿਰ ਮੇਰਾ **ਅਜ਼ਾਬ** ਵੀ ਬੜਾ ਸਖ਼ਤ ਹੈ।

ਯਾਨੀ ਇਨਸਾਨ 'ਤੇ ਜਦ ਖ਼ੁਦਾ ਤਆਲਾ ਦੇ ਇਹਸਾਨ ਹੋਣ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਉਸ ਦਾ ਸ਼ੁਕਰ ਅਦਾ ਕਰੇ ਅਤੇ ਇਨਸਾਨਾਂ ਦੀ ਬਿਹਤਰੀ ਦਾ ਖ਼ਿਆਲ ਰੱਖੇ ਅਤੇ ਜੇਕਰ ਕੋਈ ਅਜਿਹਾ ਨਾ ਕਰੇ ਅਤੇ ਉਲਟਾ **ਜ਼ੁਲਮ** ਸ਼ੁਰੂ ਕਰ ਦੇਵੇ ਤਾਂ ਫਿਰ ਖ਼ੁਦਾ ਤਆਲਾ ਉਸ ਕੋਲੋਂ ਉਹ ਨਿਆਮਤਾਂ ਖੋਹ ਲੈਂਦਾ ਹੈ ਅਤੇ ਅਜ਼ਾਬ ਨਾਜ਼ਿਲ ਕਰਦਾ ਹੈ।

ਫਿਰ ਆਪ ؑ ਨੇ ਫ਼ਰਮਾਇਆ ਕਿ ਸਭ ਤੋਂ ਪਹਿਲਾਂ ਅੱਲਾਹ ਦਾ ਸ਼ੁਕਰ ਕਰੋ ਜਿਸ ਨੇ ਸਾਨੂੰ **ਜ਼ਿੰਦਗੀ** ਦਿੱਤੀ, **ਸਿਹਤ** ਦਿੱਤੀ, **ਤੰਦਰੁਸਤੀ** ਬਖ਼ਸ਼ੀ, **ਅਮਨ** ਦਿੱਤਾ ਅਤੇ ਦੀਨ ਦੇ ਪ੍ਰਚਾਰ ਦਾ **ਸਾਮਾਨ** ਮੁਹੱਈਆ ਕੀਤਾ ਅਤੇ ਹਕ਼ੀਕ਼ਤ ਵਿੱਚ ਸੱਚੀ ਗੱਲ ਇਹੀ ਹੈ ਕਿ ਜੇਕਰ ਖ਼ੁਦਾ ਤਆਲਾ ਦੀਆਂ ਨਿਆਮਤਾਂ ਦਾ ਸ਼ੁਕਰ ਕਰਨਾ ਚਾਹੀਏ ਤਾਂ ਹਰਗਿਜ਼ ਮੁਮਕਿਨ ਨਹੀਂ ਕਿ ਉਸ ਖ਼ੁਦਾ ਦੀ ਮਿਹਰਬਾਨੀ ਅਤੇ ਇਹਸਾਨਾਂ ਨੂੰ ਗਿਣ ਸਕੀਏ।

ਫਿਰ ਇੱਕ ਮੌਕ਼ੇ 'ਤੇ ਆਪ ؑ ਫ਼ਰਮਾਉਂਦੇ ਹਨ ਕਿ ਮੁਸਲਮਾਨਾਂ ਨੂੰ ਅੱਲਾਹ ਤਆਲਾ ਦਾ ਬਹੁਤ ਸ਼ੁਕਰ ਕਰਨਾ ਚਾਹੀਦਾ ਹੈ ਕਿ ਜਿਸ ਨੇ ਉਨ੍ਹਾਂ ਨੂੰ ਇੱਕ ਅਜਿਹਾ ਦੀਨ ਬਖ਼ਸ਼ਿਆ ਹੈ ਜਿਹੜਾ **ਇਲਮੀ** ਅਤੇ **ਅਮਲੀ** ਤੌਰ 'ਤੇ ਹਰ ਇੱਕ ਕ਼ਿਸਮ ਦੇ ਫ਼ਸਾਦ ਅਤੇ ਨਾ-ਪਸੰਦੀਦਾ ਗੱਲਾਂ ਅਤੇ ਹਰ ਇੱਕ ਕ਼ਿਸਮ ਦੀ ਬੁਰਾਈ ਤੋਂ ਪਾਕ ਹੈ। ਜੇਕਰ ਇਨਸਾਨ **ਗ਼ੌਰ** ਅਤੇ **ਫ਼ਿਕਰ** ਨਾਲ ਦੇਖੇ ਤਾਂ ਉਸ ਨੂੰ ਪਤਾ ਲੱਗੇਗਾ ਕਿ ਵਾਕ਼ਈ ਤੌਰ 'ਤੇ ਤਮਾਮ ਤਾਰੀਫ਼ਾਂ ਅਤੇ ਸਿਫ਼ਤਾਂ ਦਾ ਹਕ਼ਦਾਰ

ਅੱਲਾਹ ਤਆਲਾ ਹੀ ਹੈ ਅਤੇ ਕੋਈ ਇਨਸਾਨ ਜਾਂ ਮਖ਼ਲੂਕ ਵਾਕ਼ਈ ਅਤੇ ਹਕ਼ੀਕ਼ੀ ਤੌਰ 'ਤੇ ਹਮਦੋ ਸਨਾ ਦੀ ਹਕ਼ਦਾਰ ਨਹੀਂ ਹੈ। ਜੇਕਰ ਇਨਸਾਨ ਬਗ਼ੈਰ ਕਿਸੇ ਕ਼ਿਸਮ ਦੇ ਮਤਲਬ ਦੇ ਦੇਖੇ ਤਾਂ ਉਸ 'ਤੇ ਚੰਗੀ ਤਰ੍ਹਾਂ ਖੁੱਲ੍ਹ ਜਾਵੇਗਾ ਕਿ ਕੋਈ ਸ਼ਖ਼ਸ ਜਿਹੜਾ ਹਮਦ ਦਾ ਹਕ਼ਦਾਰ ਕ਼ਰਾਰ ਪਾਉਂਦਾ ਹੈ, ਉਹ ਜਾਂ ਤਾਂ ਇਸ ਲਈ ਹਕ਼ਦਾਰ ਹੋ ਸਕਦਾ ਹੈ ਕਿ ਕਿਸੇ ਅਜਿਹੇ ਜ਼ਮਾਨੇ ਵਿੱਚ ਜਦ ਕਿ ਕੋਈ ਵਜੂਦ ਨਹੀਂ ਸੀ ਅਤੇ ਨਾ ਕਿਸੇ ਵਜੂਦ ਦੀ ਖ਼ਬਰ ਸੀ, ਉਹ ਉਸ ਦਾ ਪੈਦਾ ਕਰਨ ਵਾਲ਼ਾ ਹੋਵੇ, ਜਾਂ ਇਸ ਵਜ੍ਹਾ ਨਾਲ਼ ਕਿ ਅਜਿਹੇ ਜ਼ਮਾਨੇ ਵਿੱਚ ਕਿ ਕੋਈ ਵਜੂਦ ਨਹੀਂ ਸੀ ਅਤੇ ਨਾ ਪਤਾ ਸੀ ਕਿ ਵਜੂਦ ਅਤੇ ਵਜੂਦ ਦੀ ਬਕ਼ਾ ਅਤੇ ਸਿਹਤ ਦੀ ਹਿਫ਼ਾਜ਼ਤ ਅਤੇ ਜ਼ਿੰਦਗੀ ਦੇ ਕ਼ਿਆਮ ਦੇ ਲਈ ਕੀ ਕੀ ਸਾਮਾਨ ਜ਼ਰੂਰੀ ਹਨ ਅਤੇ ਉਸ ਨੇ ਉਹ ਸਭ ਸਾਮਾਨ ਮੁਹੱਈਆ ਕੀਤੇ ਹੋਣ, ਜਾਂ ਅਜਿਹੇ ਜ਼ਮਾਨੇ ਵਿੱਚ ਕਿ ਉਸ 'ਤੇ ਬਹੁਤ ਹੀ ਮੁਸੀਬਤਾਂ ਆ ਸਕਦੀਆਂ ਸਨ, ਉਸ ਨੇ ਰਹਿਮ ਕੀਤਾ ਹੋਵੇ ਅਤੇ ਉਸ ਨੂੰ ਮਹਿਫ਼ੂਜ਼ ਰੱਖਿਆ ਹੋਵੇ, ਜਾਂ ਇਸ ਵਜ੍ਹਾ ਨਾਲ਼ ਹਕ਼ਦਾਰ ਤਾਰੀਫ਼ ਦਾ ਹੋ ਸਕਦਾ ਹੈ ਕਿ ਮਿਹਨਤ ਕਰਨ ਵਾਲ਼ੇ ਦੀ ਮਿਹਨਤ ਨੂੰ ਜ਼ਾਇਆ ਨਾ ਕਰੇ ਅਤੇ ਮਿਹਨਤ ਕਰਨ ਵਾਲ਼ਿਆਂ ਦੇ ਹਕ਼ ਪੂਰੇ ਤੌਰ 'ਤੇ ਅਦਾ ਕਰੇ। ਭਾਵੇਂ ਜ਼ਾਹਿਰੀ ਤੌਰ 'ਤੇ ਮਿਹਨਤ ਕਰਨ ਵਾਲ਼ੇ ਦੇ ਹਕ਼ਾਂ ਦਾ ਦੇਣਾ **ਮੁਆਵਜ਼ਾ** ਹੈ, ਲੇਕਿਨ ਅਜਿਹਾ ਸ਼ਖ਼ਸ ਵੀ **ਮੁਹਸਿਨ** ਹੋ ਸਕਦਾ ਹੈ ਜਿਹੜਾ ਪੂਰੇ ਤੌਰ 'ਤੇ ਹਕ਼ ਅਦਾ ਕਰੇ। ਇਹ ਸਿਫ਼ਤਾਂ ਉੱਚੇ ਦਰਜੇ ਦੀਆਂ ਹਨ ਜਿਹੜੀਆਂ ਕਿਸੇ ਨੂੰ ਹਮਦੋ ਸਨਾ ਦਾ ਹਕ਼ਦਾਰ ਬਣਾ ਸਕਦੀਆਂ ਹਨ। ਹੁਣ ਗ਼ੌਰ ਕਰਕੇ ਦੇਖ ਲਵੋ ਕਿ ਹਕ਼ੀਕ਼ੀ ਤੌਰ 'ਤੇ ਇਨ੍ਹਾਂ ਸਭ ਤਾਰੀਫ਼ਾਂ ਦਾ ਹਕ਼ਦਾਰ ਸਿਰਫ਼ ਅੱਲਾਹ ਤਆਲਾ ਹੀ ਹੈ ਜਿਹੜਾ ਕਾਮਿਲ ਤੌਰ 'ਤੇ ਇਨ੍ਹਾਂ ਸਿਫ਼ਤਾਂ ਨਾਲ਼ ਭਰਪੂਰ ਹੈ ਅਤੇ ਕਿਸੇ ਹੋਰ ਵਿੱਚ ਇਹ ਸਿਫ਼ਤਾਂ ਨਹੀਂ ਹਨ।

ਫਿਰ ਇਸਲਾਮ ਦੀ ਦੂਸਰੀ ਜ਼ਿੰਦਗੀ ਅਤੇ ਸਿਲਸਿਲਾ ਅਹਮਦਿੱਯਾ ਦੇ ਕ਼ਿਆਮ 'ਤੇ ਅੱਲਾਹ ਤਆਲਾ ਦਾ ਸ਼ੁਕਰ ਅਦਾ ਕਰਨ ਵੱਲ ਤਵੱਜੋ ਦਿਵਾਉਂਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ: ਐ ਅਕ਼ਲਮੰਦੋ! ਤੁਸੀਂ ਇਸ ਗੱਲ 'ਤੇ **ਤਅੱਜੁਬ** ਨਾ ਕਰੋ ਕਿ ਖ਼ੁਦਾ ਤਆਲਾ ਨੇ ਇਸ ਲੋੜ ਦੇ ਵੇਲ਼ੇ ਅਤੇ ਇਸ ਘੋਰ ਹਨੇਰੇ ਦੇ ਦਿਨਾਂ ਵਿੱਚ ਇੱਕ ਆਸਮਾਨੀ ਰੌਸ਼ਨੀ ਨਾਜ਼ਿਲ ਕੀਤੀ ਅਤੇ ਇੱਕ ਬੰਦੇ ਨੂੰ ਆਮ ਮਸਲਿਹਤ ਦੇ ਲਈ ਖ਼ਾਸ ਕਰਕੇ ਕਲਮਏ ਇਸਲਾਮ ਨੂੰ ਉੱਚਾ ਕਰਨ ਦੇ ਮਕ਼ਸਦ ਨਾਲ਼ ਅਤੇ ਹਜ਼ਰਤ ਮੁਹੱਮਦ ਮੁਸਤਫ਼ਾ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨੂਰ ਦੇ ਪ੍ਰਚਾਰ ਅਤੇ ਮੁਸਲਮਾਨਾਂ ਦੇ ਸਮਰਥਨ ਦੇ ਲਈ ਅਤੇ ਉਨ੍ਹਾਂ ਦੀ ਅੰਦਰੂਨੀ ਹਾਲਤ ਨੂੰ ਸਾਫ਼ ਕਰਨ ਦੇ ਇਰਾਦੇ ਨਾਲ਼ ਦੁਨੀਆ ਵਿੱਚ ਭੇਜਿਆ। ਤਅੱਜੁਬ ਤਾਂ ਇਸ ਗੱਲ 'ਤੇ ਹੁੰਦਾ ਹੈ ਕਿ ਉਹ ਖ਼ੁਦਾ ਜਿਹੜਾ ਦੀਨਿ ਇਸਲਾਮ ਦਾ ਹਾਮੀ ਹੈ, ਜਿਸ ਨੇ ਵਾਅਦਾ ਕੀਤਾ ਹੈ ਕਿ ਮੈਂ ਹਮੇਸ਼ਾ ਕ਼ੁਰਆਨੀ ਤਾਲੀਮ ਦਾ **ਨਿਗਹਬਾਨ** ਰਹਾਂਗਾ ਅਤੇ ਉਸ ਨੂੰ ਠੰਢਾ ਅਤੇ ਬੇ-ਰੌਣਕ਼ ਅਤੇ ਬੇ-ਨੂਰ ਨਹੀਂ ਹੋਣ ਦੇਵਾਂਗਾ, ਉਹ ਇਸ ਹਨੇਰੇ ਨੂੰ ਦੇਖ ਕੇ ਅਤੇ ਇਸ ਅੰਦਰੂਨੀ ਅਤੇ ਬਾਹਰੀ ਫ਼ਸਾਦਾਂ 'ਤੇ ਨਜ਼ਰ ਪਾ ਕੇ ਚੁੱਪ ਰਹਿੰਦਾ ਅਤੇ ਆਪਣੇ ਉਸ ਵਾਅਦੇ ਨੂੰ ਯਾਦ ਨਾ ਕਰਦਾ ਜਿਸ ਨੂੰ ਆਪਣੇ ਪਾਕ ਕਲਾਮ ਵਿੱਚ ਤਾਕੀਦ ਦੀ ਤੌਰ 'ਤੇ ਬਿਆਨ ਕਰ ਚੁੱਕਿਆ ਸੀ। ਫਿਰ ਮੈਂ ਕਹਿੰਦਾ ਹਾਂ ਕਿ ਜੇਕਰ ਤਅੱਜੁਬ ਦੀ ਜਗ੍ਹਾ ਸੀ ਤਾਂ ਇਹ ਸੀ ਉਸ ਪਾਕ ਰਸੂਲ ﷺ ਦੀ ਸਾਫ਼ ਅਤੇ ਖੁੱਲ੍ਹੀ-ਖੁੱਲ੍ਹੀ **ਪੇਸ਼ਗੋਈ** (ਭਵਿੱਖਬਾਣੀ) ਝੂਠੀ ਜਾਂਦੀ ਜਿਸ ਵਿੱਚ ਫ਼ਰਮਾਇਆ ਗਿਆ ਹੈ ਕਿ ਹਰ ਇੱਕ ਸਦੀ ਦੇ ਸਿਰ 'ਤੇ ਖ਼ੁਦਾ ਤਆਲਾ ਇੱਕ ਅਜਿਹੇ ਬੰਦੇ ਨੂੰ ਪੈਦਾ ਕਰਦਾ ਰਹੇਗਾ ਜਿਹੜਾ ਉਸ ਦੇ ਦੀਨ ਦੀ **ਤਜਦੀਦ** ਕਰੇਗਾ। ਸੋ ਇਹ ਤਅੱਜੁਬ ਦਾ ਮੁਕ਼ਾਮ ਨਹੀਂ ਬਲਕਿ ਹਜ਼ਾਰ ਸ਼ੁਕਰ ਦਾ ਮੁਕ਼ਾਮ ਹੈ ਅਤੇ **ਇਮਾਨ** ਅਤੇ **ਯਕ਼ੀਨ** ਦੇ ਵਧਾਉਣ ਦਾ ਵੇਲ਼ਾ ਹੈ ਕਿ ਖ਼ੁਦਾ ਤਆਲਾ ਨੇ ਆਪਣੇ ਫ਼ਜ਼ਲ ਅਤੇ ਕਰਮ ਨਾਲ਼ ਆਪਣੇ ਵਾਅਦੇ ਨੂੰ ਪੂਰਾ ਕਰ ਦਿੱਤਾ ਅਤੇ ਆਪਣੇ ਰਸੂਲ ﷺ ਦੀ ਪੇਸ਼ਗੋਈ (ਭਵਿੱਖਬਾਣੀ) ਵਿੱਚ ਇੱਕ ਮਿੰਟ ਦਾ ਵੀ ਫ਼ਰਕ਼ ਪੈਣ ਨਹੀਂ ਦਿੱਤਾ ਅਤੇ ਨਾ ਸਿਰਫ਼ ਪੇਸ਼ਗੋਈ (ਭਵਿੱਖਬਾਣੀ) ਨੂੰ ਪੂਰਾ ਕਰ ਦਿੱਤਾ ਬਲਕਿ ਆਇੰਦਾ ਦੇ ਲਈ ਵੀ ਹਜ਼ਾਰਾਂ ਪੇਸ਼ਗੋਈਆਂ (ਭਵਿੱਖਬਾਣੀਆਂ) ਅਤੇ ਚਮਤਕਾਰਾਂ ਦਾ ਬੂਹਾ ਖੋਲ੍ਹ ਦਿੱਤਾ। ਜੇਕਰ ਤੁਸੀਂ ਇਮਾਨਦਾਰ ਹੋ ਤਾਂ ਸ਼ੁਕਰ ਕਰੋ ਅਤੇ ਸ਼ੁਕਰ ਦੇ ਸਜਦੇ ਬਜਾ ਲਿਆਓ ਕਿ ਉਹ ਜ਼ਮਾਨਾ ਜਿਸ ਦਾ ਇੰਤਿਜ਼ਾਰ ਕਰਦੇ ਕਰਦੇ ਸਾਡੇ ਬਜ਼ੁਰਗ ਬਾਪ ਦਾਦੇ ਅਤੇ ਬੇ-ਸ਼ੁਮਾਰ ਰੂਹਾਂ ਇਸ **ਸ਼ੌਕ਼** ਵਿੱਚ ਗੁਜ਼ਰ ਗਈਆਂ, ਉਹ ਤੁਸੀਂ ਪਾ ਲਿਆ। ਹੁਣ ਇਸ ਦੀ ਕ਼ਦਰ ਕਰਨਾ ਜਾਂ ਨਾ ਕਰਨਾ, ਇਸ ਤੋਂ ਫ਼ਾਇਦਾ ਉਠਾਉਣਾ ਜਾਂ ਨਾ ਉਠਾਉਣਾ, ਤੁਹਾਡੇ ਹੱਥ ਵਿੱਚ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਜ ਦੇ ਮੁਸਲਮਾਨਾਂ ਦਾ ਫ਼ਰਜ਼ ਹੈ ਕਿ ਅੱਲਾਹ ਤਆਲਾ ਦੇ ਸ਼ੁਕਰ ਗੁਜ਼ਾਰ ਹੁੰਦੇ ਹੋਏ ਅੱਲਾਹ ਤਆਲਾ ਦੇ ਭੇਜੇ ਹੋਏ ਨੂੰ ਮੰਨ ਲੈਣ ਅਤੇ ਆਪਣੇ ਆਪ ਨੂੰ **ਵਹਦਤ** (ਏਕਤਾ) ਦੀ ਲੜੀ ਵਿੱਚ ਪਰੋ ਲੈਣ ਤਾਂ ਜੋ ਮੁਸ਼ਕਿਲਾਂ ਤੋਂ ਬਚ ਸਕਣ।

ਇੱਕ ਹਕ਼ ਦੀ ਤਲਾਸ਼ ਕਰਨ ਵਾਲੇ ਨੂੰ ਮੁਖ਼ਾਤਿਬ ਕਰਦੇ ਹੋਏ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਖ਼ੁਦਾ ਦਾ ਸ਼ੁਕਰ ਕਰੋ ਕਿ ਉਸ ਨੇ ਐਨ ਵੇਲੇ 'ਤੇ ਦਸਤਗੀਰੀ ਕੀਤੀ ਹੈ ਅਤੇ ਇਸ ਸਿਲਸਿਲੇ ਨੂੰ ਕ਼ਾਇਮ ਕੀਤਾ ਹੈ। ਇਸ ਲਈ ਤੁਹਾਨੂੰ **ਮੁਨਾਸਿਬ** ਹੈ ਕਿ ਇਸ ਫ਼ਜ਼ਲ ਨੂੰ ਜਿਹੜਾ ਤੁਹਾਨੂੰ ਦਿੱਤਾ ਗਿਆ ਹੈ ਜ਼ਾਇਆ ਨਾ ਕਰੋ ਅਤੇ ਅਦਬ ਦੀ ਨਿਗਾਹ ਨਾਲ ਦੇਖੋ ਅਤੇ ਇਹ **ਮਦਦ** ਅਤੇ **ਨੁਸਰਤ** ਦੀ ਜਿਹੜੀ ਤੁਹਾਨੂੰ ਦਿੱਤੀ ਗਈ ਹੈ, ਕ਼ਦਰ ਕਰੋ। ਅੱਲਾਹ ਤਆਲਾ ਦਾ ਇਹ ਫ਼ਜ਼ਲ ਹੈ ਕਿ ਅੱਲਾਹ ਤਆਲਾ ਦੇ ਭੇਜੇ ਹੋਏ ਨੂੰ ਲੋਕ **ਸ਼ਨਾਖ਼ਤ** ਕਰ ਲੈਂਦੇ ਹਨ। ਬਸ ਤੁਹਾਡੇ 'ਤੇ ਖ਼ੁਦਾ ਤਆਲਾ ਦਾ ਬਹੁਤ ਵੱਡਾ ਇਹਸਾਨ ਹੈ ਕਿ ਉਸ ਨੇ ਤੁਹਾਨੂੰ ਇਹ ਤਾਕ਼ਤ ਦਿੱਤੀ ਹੈ ਅਤੇ ਸ਼ਨਾਖ਼ਤ ਦੀ ਅੱਖ ਬਖ਼ਸ਼ੀ ਹੈ।

ਫਿਰ ਆਪ ﷺ ਨੇ ਹਜ਼ਰਤ ਮੀਆਂ ਅਬਦੁਲ ਹਕ਼ ਰਜ਼ਿ ਅੱਲਾਹੁ ਅਨਹੁ ਦੀ ਮਿਸਾਲ ਦਿੱਤੀ ਕਿ ਕਿਸ ਤਰ੍ਹਾਂ ਅੱਲਾਹ ਤਆਲਾ ਨੇ ਉਨ੍ਹਾਂ ਦੀ ਦਸਤਗੀਰੀ ਕੀਤੀ ਅਤੇ ਉਨ੍ਹਾਂ ਨੂੰ ਐਸ਼ ਦੀ ਜਗ੍ਹਾ ਵਿੱਚੋਂ ਕੱਢ ਕੇ ਹਕ਼ ਕ਼ਬੂਲ ਕਰਨ ਦੀ ਤੌਫ਼ੀਕ਼ ਦਿੱਤੀ। ਹਜ਼ਰਤ ਮੀਆਂ ਅਬਦੁਲ ਹਕ਼ ਰਜ਼ਿ ਅੱਲਾਹੁ ਅਨਹੁ **ਕ਼ਸੂਰ** ਦੇ ਰਹਿਣ ਵਾਲੇ ਸਨ। ਅਜੇ ਵਿਦਿਆਰਥੀ ਸਨ ਕਿ ਇਸਾਈ ਹੋ ਗਏ ਸਨ। ਫਿਰ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀਆਂ ਕੁੱਝ **ਲਿਖਤਾਂ** ਨੂੰ ਪੜ੍ਹ ਕੇ ਆਪ ﷺ ਦੀ ਖ਼ਿਦਮਤ ਵਿੱਚ ਖ਼ਤ ਲਿਖਿਆ ਕਿ ਉਹ ਇਸਲਾਮ ਦੀ ਹਕੀਕ਼ਤ ਅਤੇ ਸੱਚਾਈ ਨੂੰ ਅਮਲੀ ਰੰਗ ਵਿੱਚ ਦੇਖਣਾ ਚਾਹੁੰਦੇ ਹਨ। ਆਪ ﷺ ਨੇ ਫ਼ਰਮਾਇਆ ਕਿ ਘੱਟੋ-ਘੱਟ ਦੋ ਮਹੀਨੇ ਲਈ ਕ਼ਾਦੀਆਂ ਆ ਕੇ ਰਹੋ। ਚੁਨਾਂਚਿ ਉਨ੍ਹਾਂ ਨੇ ਆਉਣ ਦਾ ਇਰਾਦਾ ਕੀਤਾ। ਉਨ੍ਹਾਂ ਨੂੰ ਬਹੁਤ ਸਾਰੇ ਲੋਕਾਂ ਨੇ ਰੋਕਿਆ ਅਤੇ ਨਸੀਹਤ ਕੀਤੀ ਕਿ ਕ਼ਾਦੀਆਂ ਨਾ ਜਾਓ। ਇੱਕ ਨੇ ਤਾਂ **ਗਾਲ** ਵੀ ਕੱਢੀ। ਪਰ ਇੰਨੀਆਂ ਸਾਰੀਆਂ ਗੱਲਾਂ 'ਤੇ ਖ਼ੁਦਾ ਤਆਲਾ ਦਾ ਫ਼ਜ਼ਲ ਗ਼ਾਲਿਬ ਆ ਗਿਆ ਅਤੇ ਉਨ੍ਹਾਂ ਨੂੰ ਖਿੱਚ ਲਿਆਇਆ।

ਸਿਲਸਿਲਾ ਅਹਮਦਿੱਯਾ ਵਿੱਚ ਸ਼ਾਮਿਲ ਹੋਣ ਵਾਲਿਆਂ ਦੇ **ਇਖ਼ਲਾਸ** ਅਤੇ **ਮੁਹੱਬਤ** ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ: ਮੈਂ ਇਸ ਗੱਲ ਦੇ ਇਜ਼ਹਾਰ ਅਤੇ ਇਸ ਦਾ ਸ਼ੁਕਰ ਕਰਨ ਦੇ ਬਗ਼ੈਰ ਨਹੀਂ ਰਹਿ ਸਕਦਾ ਕਿ ਖ਼ੁਦਾ ਤਆਲਾ ਦੇ **ਫ਼ਜ਼ਲ** ਅਤੇ **ਕਰਮ** ਨੇ ਮੈਨੂੰ ਇਕੱਲਾ ਨਹੀਂ ਛੱਡਿਆ। ਮੇਰੇ ਨਾਲ ਭਾਈਚਾਰਾ ਰੱਖਣ ਵਾਲੇ ਅਤੇ ਇਸ ਸਿਲਸਿਲੇ ਵਿੱਚ ਦਾਖ਼ਿਲ ਹੋਣ ਵਾਲੇ, ਜਿਸ ਨੂੰ ਖ਼ੁਦਾ ਤਆਲਾ ਨੇ ਆਪਣੇ ਹੱਥ ਨਾਲ ਕ਼ਾਇਮ ਕੀਤਾ ਹੈ, ਮੁਹੱਬਤ ਅਤੇ ਇਖ਼ਲਾਸ ਦੇ ਰੰਗ ਨਾਲ ਇੱਕ ਅਜੀਬ ਦਰਜੇ 'ਤੇ ਰੰਗੀਨ ਹਨ। ਨਾ ਮੈਂ ਆਪਣੀ ਮਿਹਨਤ ਨਾਲ, ਬਲਕਿ ਖ਼ੁਦਾ ਤਆਲਾ ਨੇ ਆਪਣੇ ਖ਼ਾਸ ਇਹਸਾਨ ਨਾਲ ਇਹ ਸਿਦਕ਼ ਨਾਲ ਭਰੀਆਂ ਹੋਈਆਂ ਰੂਹਾਂ ਮੈਨੂੰ ਅਤਾ ਕੀਤੀਆਂ ਹਨ। ਸਭ ਤੋਂ ਪਹਿਲਾਂ ਮੈਂ ਆਪਣੇ ਇੱਕ ਰੂਹਾਨੀ ਭਾਈ ਦੇ ਜ਼ਿਕਰ ਕਰਨ ਦੇ ਲਈ ਦਿਲ ਵਿੱਚ ਜੋਸ਼ ਪਾਉਂਦਾ ਹਾਂ ਜਿਨ੍ਹਾਂ ਦਾ ਨਾਮ ਉਨ੍ਹਾਂ ਦੇ ਨੂਰਿ ਇਖ਼ਲਾਸ ਦੀ ਤਰ੍ਹਾਂ ਨੂਰਿ ਦੀਨ ਹੈ। ਮੈਂ ਉਨ੍ਹਾਂ ਦੀਆਂ ਕੁੱਝ ਦੀਨੀ ਖ਼ਿਦਮਤਾਂ ਨੂੰ ਜਿਹੜੀਆਂ ਉਹ ਆਪਣੇ ਹਲਾਲ ਮਾਲ ਦੇ ਖ਼ਰਚ ਨਾਲ ਇਸਲਾਮ ਦੇ ਕਲਮੇ ਨੂੰ ਉੱਚਾ ਕਰਨ ਦੇ ਲਈ ਕਰ ਰਹੇ ਹਨ, ਹਮੇਸ਼ਾ ਹਸਰਤ ਦੀਆਂ ਨਜ਼ਰਾਂ ਨਾਲ ਦੇਖਦਾ ਹਾਂ ਕਿ ਕਾਸ਼! ਉਹ ਖ਼ਿਦਮਤਾਂ ਮੇਰੇ ਕੋਲੋਂ ਵੀ ਅਦਾ ਹੋ ਸਕਦੀਆਂ।

ਐ ਰੱਬੁਲ-ਆਲਮੀਨ! ਤੇਰੇ ਇਹਸਾਨਾਂ ਦਾ ਮੈਂ ਸ਼ੁਕਰ ਨਹੀਂ ਕਰ ਸਕਦਾ। ਤੂੰ ਨਿਹਾਇਤ ਹੀ **ਰਹੀਮ** ਅਤੇ **ਕਰੀਮ** ਹੈਂ ਅਤੇ ਤੇਰੇ ਬੇ-ਸ਼ੁਮਾਰ ਮੇਰੇ 'ਤੇ ਇਹਸਾਨ ਹਨ। ਮੇਰੇ **ਗੁਨਾਹ** ਬਖ਼ਸ਼ ਤਾਂ ਜੋ ਮੈਂ ਹਲਾਕ ਨਾ ਹੋ ਜਾਵਾਂ। ਮੇਰੇ ਦਿਲ ਵਿੱਚ ਆਪਣੀ ਖ਼ਾਸ **ਮੁਹੱਬਤ** ਪਾ ਦੇ ਤਾਂ ਜੋ ਮੈਨੂੰ ਜ਼ਿੰਦਗੀ ਹਾਸਿਲ ਹੋਵੇ ਅਤੇ ਮੇਰੀ ਪਰਦਾ ਪੋਸ਼ੀ ਫ਼ਰਮਾ ਅਤੇ ਮੇਰੇ ਕੋਲੋਂ ਅਜਿਹੇ **ਅਮਲ** ਕਰਾ ਜਿਨ੍ਹਾਂ ਨਾਲ ਤੂੰ ਰਾਜ਼ੀ ਹੋ ਜਾਵੇਂ। ਮੈਂ ਤੇਰੇ **ਵਜਹਿ ਕਰੀਮ** (ਬਜ਼ੁਰਗ ਚਿਹਰੇ) ਦੇ ਨਾਲ ਇਸ ਗੱਲ ਤੋਂ ਪਨਾਹ ਮੰਗਦਾ ਹਾਂ ਕਿ ਤੇਰਾ **ਗ਼ਜ਼ਬ** ਮੇਰੇ 'ਤੇ ਵਾਰਿਦ ਹੋਵੇ। ਰਹਿਮ ਫ਼ਰਮਾ ਅਤੇ ਦੁਨੀਆ ਅਤੇ ਆਖ਼ਿਰਤ ਦੀਆਂ ਬਲਾਵਾਂ ਤੋਂ ਮੈਨੂੰ ਬਚਾ ਕਿ ਹਰ ਇੱਕ ਫ਼ਜ਼ਲ ਅਤੇ ਕਰਮ ਤੇਰੇ ਹੀ ਹੱਥ ਵਿੱਚ ਹੈ। ਆਮੀਨ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਇਸ ਜਗ੍ਹਾ ਮੈਂ ਇਸ ਸ਼ੁਕਰ ਦੇ ਅਦਾ ਕਰਨ ਤੋਂ ਰਹਿ ਨਹੀਂ ਸਕਦਾ ਕਿ ਜਿਸ ਤਰ੍ਹਾਂ ਖ਼ੁਦਾ ਤਆਲਾ ਨੇ ਸਾਡੇ ਨਬੀ ﷺ ਦੇ ਸਮਰਥਨ ਵਿੱਚ ਆਪਣੀ ਵਹੀ (ਆਕਾਸ਼ਬਾਣੀ) ਦੇ ਜ਼ਰੀਏ ਕਾਫ਼ਿਰਾਂ ਨੂੰ ਮੁਲਜ਼ਮ ਕੀਤਾ ਅਤੇ ਫ਼ਰਮਾਇਆ ਕਿ ਇਹ ਮੇਰਾ ਨਬੀ ਇਸ ਉੱਚੇ ਦਰਜੇ ਦਾ ਨੇਕ ਚਾਲ ਚਲਣ ਰੱਖਦਾ ਹੈ ਕਿ ਤੁਹਾਨੂੰ ਤਾਕ਼ਤ ਨਹੀਂ ਕਿ ਇਸ ਦੀ ਪਿਛਲੇ ਚਾਲ਼ੀ (40) ਵਰ੍ਹਿਆਂ ਦੀ ਜ਼ਿੰਦਗੀ ਵਿੱਚ ਕੋਈ ਐਬ ਜਾਂ ਨੁਕ਼ਸ ਕੱਢ ਸਕੋ ਬਾ-ਵਜੂਦ ਇਸ ਦੇ ਕਿ ਉਹ ਚਾਲ਼ੀ (40) ਵਰ੍ਹਿਆਂ ਤੱਕ ਦਿਨ ਰਾਤ ਤੁਹਾਡੇ ਦਰਮਿਆਨ ਹੀ ਰਿਹਾ ਹੈ। ਅਤੇ ਨਾ ਤੁਹਾਨੂੰ ਇਹ ਤਾਕ਼ਤ ਹੈ ਕਿ ਉਸ ਦੇ ਉੱਚੇ ਖ਼ਾਨਦਾਨ ਵਿੱਚ, ਜਿਹੜਾ **ਸ਼ਰਾਫ਼ਤ** (ਭਲਮਾਣਸੀ) ਅਤੇ **ਤਹਾਰਤ** (ਪਵਿੱਤਰਤਾ) ਅਤੇ **ਰਿਆਸਤ** (ਸ਼ਾਸਨ) ਅਤੇ **ਇਮਾਰਤ** (ਸਰਦਾਰੀ) ਦਾ ਖ਼ਾਨਦਾਨ ਹੈ, ਇੱਕ ਰਤਾ ਐਬ ਕੱਢ ਸਕੋ। ਫਿਰ ਤੁਸੀਂ ਸੋਚੋ ਕਿ ਜਿਹੜਾ ਸ਼ਖ਼ਸ ਅਜਿਹੇ ਉੱਚੇ ਅਤੇ ਪਵਿੱਤਰ ਅਤੇ ਪਾਕ ਖ਼ਾਨਦਾਨ ਵਿੱਚੋਂ ਹੈ ਅਤੇ ਉਸ ਦੀ ਚਾਲ਼ੀ (40) ਵਰ੍ਹਿਆਂ ਦੀ ਜ਼ਿੰਦਗੀ, ਜਿਹੜੀ ਤੁਹਾਡੇ ਰੂ-ਬ-ਰੂ ਲੰਘੀ ਹੈ, ਗਵਾਹੀ ਦੇ ਰਹੀ ਹੈ ਕਿ ਇਫ਼ਤਿਰਾ ਅਤੇ ਝੂਠ ਬੋਲਣਾ ਉਸ ਦਾ ਕੰਮ ਨਹੀਂ ਹੈ, ਤਾਂ ਫਿਰ ਇਨ੍ਹਾਂ ਖ਼ੂਬੀਆਂ ਦੇ ਨਾਲ਼ ਜਦ ਆਸਮਾਨੀ ਨਿਸ਼ਾਨ ਉਹ ਦਿਖਾ ਰਿਹਾ ਹੈ ਅਤੇ ਖ਼ੁਦਾ ਤਆਲਾ ਦਾ ਸਮਰਥਨ ਉਸ ਦੇ ਨਾਲ਼ ਹੈ ਅਤੇ ਅਜਿਹੀ ਸਿੱਖਿਆ ਉਹ ਲਿਆਇਆ ਹੈ ਜਿਸ ਦੇ ਮੁਕ਼ਾਬਲੇ ਤੁਹਾਡੇ ਅਕ਼ੀਦੇ ਸਰਾਸਰ **ਗੰਦੇ** ਅਤੇ **ਨਾ-ਪਾਕ** ਅਤੇ **ਸ਼ਿਰਕ** ਨਾਲ਼ ਭਰੇ ਹੋਏ ਹਨ, ਤਾਂ ਫਿਰ ਉਸ ਦੇ ਬਾਅਦ ਤੁਹਾਨੂੰ ਇਸ ਨਬੀ ਦੇ ਸੱਚੇ ਹੋਣ ਵਿੱਚ ਕਿਹੜਾ ਸ਼ੱਕ ਬਾਕ਼ੀ ਹੈ। ਇਸੇ ਤਰ੍ਹਾਂ ਖ਼ੁਦਾ ਤਆਲਾ ਨੇ ਮੇਰੇ ਵਿਰੋਧੀਆਂ ਅਤੇ ਝੁਠਲਾਉਣ ਵਾਲਿਆਂ ਨੂੰ ਮੁਲਜ਼ਮ ਕੀਤਾ ਹੈ। ਚੁਨਾਂਚਿ ਬਰਾਹੀਨਿ ਅਹਮਦਿੱਯਾ ਦੇ ਸਫ਼ਾ 512 ਵਿੱਚ ਮੇਰੇ ਬਾਰੇ ਇਲਹਾਮ ਹੈ ਜਿਸ ਦੇ ਪ੍ਰਕਾਸ਼ਿਤ ਹੋਣ ‘ਤੇ ਵੀਹ (20) ਵਰ੍ਹੇ ਲੰਘ ਗਏ ਹਨ ਅਤੇ ਉਹ ਇਹ ਹੈ وَلَقَدْ لَبِثْتُ فِيكُمْ عُمُرًا مِّن قَبْلِهِ أَفَلَا تَعْقِلُونَ ਯਾਨੀ ਉਨ੍ਹਾਂ ਵਿਰੋਧੀਆਂ ਨੂੰ ਇਹ ਕਹਿ ਦੇ ਕਿ ਮੈਂ ਚਾਲ਼ੀ (40) ਵਰ੍ਹਿਆਂ ਤੱਕ ਤੁਹਾਡੇ ਵਿੱਚ ਰਹਿੰਦਾ ਰਿਹਾ ਹਾਂ ਅਤੇ ਇਸ ਲੰਮੀ ਮੁੱਦਤ ਤੱਕ ਤੁਸੀਂ ਮੈਨੂੰ ਦੇਖਦੇ ਰਹੇ ਹੋ ਕਿ ਮੇਰਾ ਕੰਮ ਇਫ਼ਤਿਰਾ ਅਤੇ ਝੂਠ ਬੋਲਣਾ ਨਹੀਂ ਹੈ ਅਤੇ ਖ਼ੁਦਾ ਨੇ ਨਾ-ਪਾਕੀ ਦੀ ਜ਼ਿੰਦਗੀ ਤੋਂ ਮੈਨੂੰ ਮਹਿਫ਼ੂਜ਼ ਰੱਖਿਆ ਹੈ।

ਆਪ ﷺ ਆਪਣੇ ਘਰ ਵਿੱਚ ਬੱਚਿਆਂ ਵਿੱਚ ਵੀ ਸ਼ੁਕਰ ਗੁਜ਼ਾਰੀ ਦੇ ਜਜ਼ਬਾਤ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਸਨ। ਇੱਕ ਰਿਵਾਇਤ ਆਉਂਦੀ ਹੈ ਕਿ ਇੱਕ ਵਾਰ ਆਪ ﷺ ਨੇ ਘਰ ਵਿੱਚ ਬੱਚਿਆਂ ਨੂੰ ਕਹਾਣੀ ਸੁਣਾਈ ਕਿ ਇੱਕ **ਗੰਜਾ** ਅਤੇ ਇੱਕ **ਅੰਨ੍ਹਾ** ਸੀ। ਅੱਲਾਹ ਨੇ ਉਨ੍ਹਾਂ ਦੇ ਕੋਲ਼ ਇੱਕ ਫ਼ਰਿਸ਼ਤਾ ਭੇਜਿਆ। ਉਸ ਨੇ ਗੰਜੇ ਕੋਲ਼ੋਂ ਪੁੱਛਿਆ, ਤੂੰ ਕੀ ਚਾਹੁੰਦਾ ਹੈਂ? ਉਸ ਨੇ ਕਿਹਾ ਕਿ ਮੇਰੇ ਸਿਰ ‘ਤੇ **ਵਾਲ਼** ਹੋਣ ਅਤੇ ਮੈਨੂੰ ਮਾਲੋ ਦੌਲਤ ਮਿਲ਼ ਜਾਵੇ। ਫ਼ਰਿਸ਼ਤੇ ਨੇ ਉਸ ਦੇ ਸਿਰ ‘ਤੇ ਹੱਥ ਫੇਰਿਆ ਅਤੇ ਉਸ ਦੇ ਵਾਲ਼ ਉੱਗ ਗਏ ਅਤੇ ਉਸ ਨੂੰ ਮਾਲੋ ਦੌਲਤ ਮਿਲ਼ ਗਈ। ਫਿਰ ਫ਼ਰਿਸ਼ਤਾ ਅੰਨ੍ਹੇ ਦੇ ਕੋਲ਼ ਆਇਆ। ਉਸ ਨੇ ਅੰਨ੍ਹੇ ਕੋਲ਼ੋਂ ਪੁੱਛਿਆ ਕਿ ਤੂੰ ਕੀ ਚਾਹੁੰਦਾ ਹੈਂ? ਉਸ ਨੇ ਕਿਹਾ ਕਿ ਮੇਰੀਆਂ **ਅੱਖਾਂ** ਹੋਣ ਅਤੇ ਮੈਨੂੰ ਮਾਲੋ ਦੌਲਤ ਮਿਲ਼ ਜਾਵੇ। ਫ਼ਰਿਸ਼ਤੇ ਨੇ ਉਸ ਦੇ ਸਿਰ ‘ਤੇ ਹੱਥ ਫੇਰਿਆ ਤਾਂ ਉਸ ਦੀਆਂ ਅੱਖਾਂ ਦੀ ਰੌਸ਼ਨੀ ਠੀਕ ਹੋ ਗਈ ਅਤੇ ਉਸ ਨੂੰ ਵੀ ਮਾਲੋ ਦੌਲਤ ਮਿਲ਼ ਗਈ। ਕੁੱਝ ਅਰਸੇ ਬਾਅਦ ਅੱਲਾਹ ਤਆਲਾ ਨੇ ਉਨ੍ਹਾਂ ਨੂੰ ਅਜ਼ਮਾਉਣ ਦੇ ਲਈ ਫ਼ਰਿਸ਼ਤੇ ਨੂੰ ਦੁਬਾਰਾ **ਗ਼ਰੀਬ** ਆਦਮੀ ਦੇ ਰੂਪ ਵਿੱਚ ਭੇਜਿਆ। ਉਸ ਨੇ ਜਾ ਕੇ ਗੰਜੇ ਕੋਲ਼ੋਂ ਮੰਗਿਆ ਤਾਂ ਉਸ ਨੇ ਸਖ਼ਤੀ ਕੀਤੀ, ਬੜੀ ਬਦ-ਮਿਜ਼ਾਜੀ ਨਾਲ਼ ਜਵਾਬ ਦਿੱਤਾ ਅਤੇ ਝਿੜਕ ਦਿੱਤਾ ਅਤੇ ਕਿਹਾ ਕਿ ਚੱਲ! ਤੇਰੇ ਜਿਹੇ ਬਹੁਤ **ਫ਼ਕ਼ੀਰ** ਫਿਰਦੇ ਹਨ। ਫ਼ਰਿਸ਼ਤੇ ਨੇ ਉਸ ਦੇ ਸਿਰ ‘ਤੇ ਹੱਥ ਫੇਰਿਆ ਤਾਂ ਉਹ ਦੁਬਾਰਾ **ਗੰਜਾ** ਹੋ ਗਿਆ ਅਤੇ ਮਾਲ ਜਾਂਦਾ ਰਿਹਾ। ਫਿਰ ਉਹ ਅੰਨ੍ਹੇ ਦੇ ਕੋਲ਼ ਆਇਆ ਅਤੇ ਮੰਗਿਆ। ਅੰਨ੍ਹੇ ਨੇ ਕਿਹਾ ਕਿ ਸਭ ਕੁੱਝ ਅੱਲਾਹ ਤਆਲਾ ਹੀ ਨੇ ਦਿੱਤਾ ਹੈ ਅਤੇ ਉਸੇ ਦਾ ਮਾਲ ਹੈ, ਤੂੰ ਲੈ ਜਾ। ਫਿਰ ਅੱਲਾਹ ਨੇ ਉਸ ਨੂੰ ਹੋਰ ਮਾਲੋ ਦੌਲਤ ਦਿੱਤੀ। ਸੋ ਪਿਆਰੇ ਬੱਚਿਓ! ਤੁਸੀਂ ਵੀ ਯਾਦ ਰੱਖੋ ਕਿ ਖ਼ੁਦਾ ਤਆਲਾ ਦੀਆਂ ਦਿੱਤੀਆਂ ਹੋਈਆਂ **ਨਿਆਮਤਾਂ** ਦਾ ਸ਼ੁਕਰ ਕਰੋ ਅਤੇ ਉਸ ਦੀ ਕ਼ਦਰ ਕਰੋ ਅਤੇ ਸਵਾਲੀ (ਮੰਗਤੇ, ਭਿਖਾਰੀ) ਨੂੰ ਨਾ ਝਿੜਕੋ। **ਖ਼ੈਰਾਤ** ਕਰਨਾ ਚੰਗੀ ਗੱਲ ਹੈ ਅਤੇ ਸਵਾਲੀ (ਮੰਗਤੇ, ਭਿਖਾਰੀ) ਨੂੰ ਦੇਣਾ ਚਾਹੀਦਾ ਹੈ। ਇਸ ਨਾਲ਼ ਖ਼ੁਦਾ ਤਆਲਾ ਖ਼ੁਸ਼ ਹੁੰਦਾ ਹੈ ਅਤੇ ਨਿਆਮਤ ਜ਼ਿਆਦਾ ਕਰਦਾ ਹੈ।

ਫਿਰ ਇੱਕ ਮੌਕ਼ੇ ‘ਤੇ ਆਪ ﷺ ਨੇ ਹਜ਼ਰਤ ਹਾਜੀ ਹਕੀਮ ਮੌਲਵੀ ਨੂਰੁੱਦੀਨ ਰਜ਼ਿ ਅੱਲਾਹੁ ਅਨਹੁ ਦੇ ਬਾਰੇ ਫ਼ਰਮਾਇਆ: ਹਜ਼ਰਤ ਹਕੀਮ ਮੌਲਵੀ ਸਾਹਿਬ ਅੱਲਾਹ ਤਆਲਾ ਦੀਆਂ ਨਿਆਮਤਾਂ ਵਿੱਚੋਂ ਇੱਕ ਨਿਆਮਤ ਹਨ। ਉਨ੍ਹਾਂ ਦੇ ਜ਼ਰੀਏ ਕਈ ਗ਼ਰੀਬਾਂ ਦਾ ਇਲਾਜ ਹੋ ਜਾਂਦਾ। ਇਲਾਜ ਤਾਂ ਦੂਸਰਿਆਂ ਦਾ ਹੁੰਦਾ ਸੀ ਪਰ ਸ਼ੁਕਰ ਆਪ ﷺ ਕਰ ਰਹੇ ਹੁੰਦੇ ਸਨ ਕਿ ਇਨਸਾਨੀ **ਖ਼ਿਦਮਤ** ਕਰ ਰਹੇ ਹਨ ਅਤੇ ਇਨਸਾਨਾਂ ਨੂੰ ਫ਼ਾਇਦਾ ਪਹੁੰਚ ਰਿਹਾ ਹੈ।

ਖ਼ੁਤਬਾ ਜੁਮਾ ਦੇ ਆਖ਼ਿਰ ’ਤੇ ਹਜ਼ੂਰ ਅਨਵਰ ਨੇ ਕੁੱਝ **ਮਰਹੂਮਾਂ** ਦਾ **ਜ਼ਿਕਰਿ ਖ਼ੈਰ** ਫ਼ਰਮਾਇਆ:

ਮੁਕੱਰਮ ਹਾਫ਼ਿਜ਼ ਸ਼ਹਬਾਜ਼ ਅਹਮਦ ਸਾਹਿਬ ਮੁਰੱਬੀ ਸਿਲਸਿਲਾ ਆਈਵਰੀ ਕੋਸਟ। ਮੁਕੱਰਮ ਯਲ-ਨੰਗਾਨਾ ਮੋਮਿਨੀ ਸਾਹਿਬ ਸ਼ਹੀਦ ਆੱਫ਼ ਬੁਰਕੀਨਾ ਫ਼ਾਸੋ। ਮੁਕੱਰਮ ਯਾਹਿਯਾ ਸੋਮਾਰੀ ਸਾਹਿਬ ਸ਼ਹੀਦ ਆੱਫ਼ ਮਾਲੀ। ਮੁਕੱਰਮ ਸਿਰਾਜੁਲ ਹਕ਼ ਕ਼ੁਰੈਸ਼ੀ ਸਾਹਿਬ ਨਾਇਬ ਅਫ਼ਸਰ ਜਲਸਾ ਸਾਲਾਨਾ ਰਬਵਾ। ਮੁਕੱਰਮ ਲਾਵਾਲ ਤੱਯਬ ਸਾਹਿਬ ਮੁਅੱਲਿਮ ਸਿਲਸਿਲਾ ਨਾਈਜੀਰੀਆ ਅਤੇ ਮੁਕੱਰਮ ਮਾਸਟਰ ਗ਼ਫ਼ੂਰ ਅਹਮਦ ਸਾਹਿਬ ਸਾਂਘਲਾ ਆੱਫ਼ ਕੈਨੇਡਾ ਦਾ **ਜ਼ਿਕਰਿ ਖ਼ੈਰ** ਫ਼ਰਮਾਇਆ ਅਤੇ ਉਨ੍ਹਾਂ ਲਈ ਦੁਆਇ **ਮਗ਼ਫ਼ਿਰਤ** ਕਰਦੇ ਹੋਏ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞